ਤੁਹਾਡੇ ਵਿੱਚੋਂ ਕੋਈ ਵੀ ਬੰਦਾ ਉਸ ਸਮੇਂ ਤੱਕ ਮੋਮਿਨ (ਈਮਾਨ ਵਾਲਾ) ਨਹੀਂ ਹੋ ਸਕਦਾ, ਜਦੋਂ ਤੱਕ ਉਹ ਆਪਣੇ ਭਾਈ ਲਈ ਉਹੀ ਪਸੰਦ ਨਾ ਕਰੇ ਜੋ ਉਹ ਆਪਣੇ ਆਪ ਲਈ ਪਸੰਦ ਕਰਦਾ ਹੈ।

"ਅਬੂ ਹੰਜ਼ਾ ਅਨਸ ਬਿਨ ਮਾਲਿਕ ਰਜ਼ੀਅੱਲਾਹੁ ਅਨਹੁ—ਰਸੂਲੁੱਲਾਹ صلى الله عليه وسلم ਦੇ ਸੇਵਕ— ਤੋਂ ਰਿਵਾਇਤ ਹੈ ਕਿ
ਨਬੀ صلى الله عليه وسلم ਨੇ ਫਰਮਾਇਆ:" "ਤੁਹਾਡੇ ਵਿੱਚੋਂ ਕੋਈ ਵੀ ਬੰਦਾ ਉਸ ਸਮੇਂ ਤੱਕ ਮੋਮਿਨ (ਈਮਾਨ ਵਾਲਾ) ਨਹੀਂ ਹੋ ਸਕਦਾ, ਜਦੋਂ ਤੱਕ ਉਹ ਆਪਣੇ ਭਾਈ ਲਈ ਉਹੀ ਪਸੰਦ ਨਾ ਕਰੇ ਜੋ ਉਹ ਆਪਣੇ ਆਪ ਲਈ ਪਸੰਦ ਕਰਦਾ ਹੈ।"
[صحيح] [متفق عليه]

ਅੱਲਾਹ ਦੇ ਨਬੀ صلى الله عليه وسلم ਨੇ ਦੱਸਿਆ ਹੈ ਕਿ ਕਿਸੇ ਵੀ ਮੁਸਲਮਾਨ ਨੂੰ ਪੱਕੀ ਤੇ ਸੰਪੂਰਨ ਈਮਾਨ ਦੀ ਦੌਲਤ ਉਸ ਸਮੇਂ ਤੱਕ ਨਸੀਬ ਨਹੀਂ ਹੋ ਸਕਦੀ, ਜਦੋਂ ਤੱਕ ਉਹ ਆਪਣੇ ਭਰਾ ਲਈ ਦੀਨ ਤੇ ਦੁਨੀਆ ਦੀ ਉਹੀਓ ਚੀਜ਼ਾਂ ਪਸੰਦ ਨਾ ਕਰੇ, ਜੋ ਉਹ ਆਪਣੇ ਲਈ ਪਸੰਦ ਕਰਦਾ ਹੈ ਅਤੇ ਉਸ ਲਈ ਉਨ੍ਹਾਂ ਚੀਜ਼ਾਂ ਨੂੰ ਨਾਪਸੰਦ ਕਰੇ, ਜੋ ਆਪਣੇ ਲਈ ਨਾਪਸੰਦ ਕਰਦਾ ਹੈ। ਜੇਕਰ ਆਪਣੇ ਭਰਾ ਦੇ ਦੀਨ ਵਿੱਚ ਕੋਈ ਕਮੀ ਵੇਖੇ, ਤਾਂ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ; ਅਤੇ ਜੇਕਰ ਕੋਈ ਭਲਾਈ ਵੇਖੇ, ਤਾਂ ਉਸ ਦੀ ਕਦਰ ਕਰੇ ਤੇ ਉਸ ਵਿੱਚ ਉਸ ਦੀ ਮਦਦ ਕਰੇ। ਦੀਨ ਅਤੇ ਦੁਨਿਆ ਨਾਲ ਸੰਬੰਧਿਤ ਸਾਰੇ ਮਾਮਲਿਆਂ ਵਿੱਚ ਉਸ ਨਾਲ ਹਮਦਰਦੀ (ਸ਼ੁਭਕਾਮਨਾਵਾਂ) ਬਣਾਈ ਰੱਖੇ।

https://sunnah.global/hadeeth/pa/show/66520